Sikh Temple of North Texas
506 Gatewood Drive
Garland, TX. 75043

NewsLetter – March 2007



Address Label

## Youth Corner

**Punjabi / Sikhism classes**

Classes are held at Gurudwara every **Sunday at 11:15am**

Parents are requested to ensure their children arrive on time and are seated in class by 11:00am

If your children are not currently registered for classes, please do so as soon as possible.

**International Sikh Youth Symposium 2008**

Sikh Youth Symposium 2008 will be held in Dallas in July 2008.
All parents and youth are requested to partipate and help make this a sucessfuly event.

**Sikh temple of North Texas**
31 Years of community service

Feburary 2007

Address
Sikh Temple of North Texas
506 Gatewood Drive
Garland, TX. 75043
Phone: (972) 240-5348
www.sikhtempledallas.org
*email:*
*sikhtemple1@aol.com*

ਨਾਨਕ ਸੋਈ ਦਿਨਸੁ ਸੁਹਾਵੜਾ
ਜਿਤੁ ਪ੍ਰਭੁ ਆਵੈ ਚਿਤਿ

***O Nanak, that day is beautiful, when God comes to mind***

## Special Events

**Feburary Events**

Mar 16 Sangrand (Chet)
Mar 23 Hola Mohalla

**Key Sikh Dates**

Mar 14 Sangrand (Chet)
Mar 14 Gurgaddi Sri Guru HarRai ji
Mar 19 Joyti Jot Sri Guru HarGobind ji
Mar 21 Hola Mahalla

**Congratulations**

**Condolence**

Mandhir Singh Bal's daughter Kirandeep K. Ball passed away in India.
Lashman S. Sandhu's sister-in-law Pritpal Kaur passed away in California.
Zhilmal Singh and Lakhwinder Kaur's mother Udham Kaur passed away in India.
Jaswant S. Grewal passed away in Dallas.
**Funeral**: **3/8/08 12:00 pm** Hughes Funeral Home
9700 Webb Chapel Rd, Dallas, TX 75220

**Annoucments**

**Akhand Path**: 3/07,3/08,3/09 Piara S. Dhillon

## Weekly Schedule

| | |
|---|---|
| Open everyday | 8:00 am – 8:00 pm |
| **Every Fridays** | |
| Rehras Sahib | 7:00 pm – 7:30 pm |
| Shabad Kirtan – Ragi Jatha | 7:30 pm – 8:45 pm |
| Anand Sahib, Ardas, Mukh Vaak | 8:45 pm – 9:00 pm |
| Langar | 9:00 pm |
| **Every Sunday** | |
| Asa Di Vaar | 10:00 am – 11:00 am |
| Shabad Kirtan | 11:00 am – 12:30 pm |
| Anand Sahib, Ardas, Mukh Vaak | 12:30 am – 1:00 pm |
| Langar | 1:00 pm |

**Note:** On Specical days such as Sangrand and Gurpurb, the program **will be half an hour longer**

**Sikh temple of North Texas**
31 Years of community service

## Langar Seva

| Sunday | | | Friday | | |
|---|---|---|---|---|---|
| **Date** | **Sevadar** | **Phone** | **Date** | **Sevadar** | **Phone** |
| 03/09/2008 | Khandpur Family | 972-517-4654 | 03/07/2008 | Piara S. Dhillon | |
| 03/16/2008 | Jita Jita | | 03/14/2008 | Ajmer Singh | |
| 03/23/2008 | Gurdawar Singh | | 03/21/2008 | ***OPEN*** | |
| 03/30/2008 | Kamal Bajwa | | 02/28/2008 | ***OPEN*** | |
| 4/06/2008 | Kabal s. Warriach | | 04/04/2008 | ***OPEN*** | |
| 4/13/2008 | Vaisakhi Gurughar | | 04/11/2008 | Walia Family | |

### Women in Sikhism

At the time of the Gurus women were considered very low in society. Both Hindus and Muslims regarded women as inferior and a man's property. Women were treated as mere property whose only value was as a servant or for entertainment. They were considered seducers and distractions from man's spiritual path. Men were allowed polygamy but widows were not allowed to remarry but encouraged to burn themselves on their husbands funeral pyre (sati). Child marriage and female infanticide were prevalent and purdah (veils) were popular for women. Women were also not allowed to inherit any property. Many Hindu women were captured and sold as slaves in foreign Islamic countries.

In such a climate **Guru Nanak Dev, the founder of Sikhism shocked the entire society by preaching that women were worthy of praise and equal to men**. Five hundred years later, the rest of mankind is only now waking up to this fundamental truth. The Gurus actively encouraged the participation of women as equals in worship, in society, and on the battlefield. They encouraged freedom of speech and women were allowed to participate in any and all religious activities including reading of the Guru Granth Sahib.

### Views of the Gurus

**Guru Nanak Dev**
Guru Nanak broke the shackles of women by admitting them into the sangat (congregation) without any restrictions or reservations. Guru Nanak felt that his message was meant as much for women as for men.

**Guru Angad Dev**

Guru Angad encouraged the education of all Sikhs, men and women.

## Women in Sikhism…

**Guru Amar Das**

Guru Amar Das condemned the cruel custom of sati, female infanticide and advocated widow remarriage. Guru Amar Das also believed that women wearing veils (purdah) was demeaning. The Guru refused to meet the queen of Haripur or to allow any women into the congregation wearing a veil.

**Guru Hargobind**

Guru Hargobind respected women and declared, "women is the conscience of man".

**Guru Gobind Singh**

Guru Gobind Singh made the Khalsa initiation ceremony open to men and women alike, a woman being just as worthy. At the time of Amrit a man is given the name Singh meaning lion, the woman is given the name Kaur, meaning Princess. A Sikh women is an individual in her own right, she does not have to take her husband's name and is Kaur till her death. Guru Gobind Singh did not see any distinction between the Khalsa, men or women could keep the 5 K's. **Guru Gobind Singh issued orders forbidding the Khalsa having any association with those that practiced female infanticide.**

**Guru Granth Sahib**

**In praise of women.**

*"We are born of woman, we are conceived in the womb of woman, we are engaged and married to woman. We make friendship with woman and the lineage continued because of woman. When one woman dies, we take another one, we are bound with the world through woman. Why should we talk ill of her, who gives birth to kings? The woman is born from woman; there is none without her. Only the One True Lord is without woman" (Guru Nanak Dev, Var Asa, pg. 473)*

**Marriage is an equal partnership of love and sharing between husband and wife.**

*"They are not said to be husband and wife, who merely sit together. Rather they alone are called husband and wife, who have one soul in two bodies." (Guru Amar Das, Pauri, pg. 788)*

**God is our Mother as well as our Father.**

*"Thou O Lord, art my Father and Thou my Mother. Thou art the Giver of peace to my soul and very life." (Guru Arjan Dev, Bhairo, pg. 1144)*

Source: http://www.sikhs.org/women.htm

## ਭਰੂਣ ਹੱਤਿਆ : ਗੁਰੂ ਸਿਧਾਂਤ ਅਤੇ ਸਿੱਖ ਰਹਿਤ ਮਰਯਾਦਾ ਦੀ ਘੋਰ ਉਲੰਘਣਾ

**-ਭਾਈ ਸਤਪਾਲ ਸਿੰਘ ਫਰਵਾਹੀ**

ਪੁਰਾਤਨ ਸਮਿਆਂ ਤੋਂ ਹੀ ਲੜਕੀ ਨਾਲ ਇਹ ਬੇਇਨਸਾਫ਼ੀ ਹੋ ਰਹੀ ਹੈ। ਪਹਿਲਾਂ ਵੀ ਇਨ੍ਹਾਂ ਨਾਲ ਬਹੁਤ ਮਾੜਾ ਸਲੂਕ ਕੀਤਾ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਪਹਿਲਾਂ ਤਾਂ ਇਨ੍ਹਾਂ ਨਾਲ ਬਹੁਤ ਮਾੜਾ ਸਲੂਕ ਕੀਤਾ ਜਾਂਦਾ ਸੀ। ਇਨ੍ਹਾਂ ਉੱਪਰ ਅਨੇਕਾਂ ਪ੍ਰਕਾਰ ਦੇ ਜ਼ੁਲਮ ਕੀਤੇ ਜਾਂਦੇ ਸਨ। ਉਸ ਸਮੇਂ ਇਸਤਰੀ ਨੂੰ ਹਮੇਸ਼ਾਂ ਆਪਣੇ ਪੈਰ ਦੀ ਜੁੱਤੀ ਹੀ ਸਮਝਿਆ ਜਾਂਦਾ, ਕੋਈ ਉੱਤਮ ਕੰਮ ਕਰਨ ਵਿਚ ਨਹੀਂ ਸੀ ਲਾਇਆ ਜਾਂਦਾ। ਇਨ੍ਹਾਂ ਨੂੰ ਬਹੁਤ ਹੀ ਨੀਚ ਸਮਝਿਆ ਜਾਂਦਾ ਸੀ। ਇਨ੍ਹਾਂ ਨੂੰ ਹਮੇਸ਼ਾਂ ਹੀ ਪਰਦੇ ਦੇ ਅੰਦਰ ਰਹਿਣ ਦਾ ਅਧਿਕਾਰ ਸੀ। ਜੇਕਰ ਕੋਈ ਔਰਤ ਮਰ ਜਾਂਦੀ ਤਾਂ ਉਸ ਦਾ ਪਤੀ ਦੂਸਰਾ ਵਿਆਹ ਕਰਵਾ ਸਕਦਾ ਸੀ, ਪਰ ਅਗਰ ਕਿਸੇ ਦਾ ਪਤੀ ਮਰ ਜਾਵੇ ਤਾਂ ਵਿਚਾਰੀ ਇਸਤਰੀ ਨੂੰ ਉਸ ਦੇ ਨਾਲ ਹੀ ਜਿਊਂਦਿਆਂ ਸੜ ਕੇ ਸਤੀ ਹੋਣਾ ਪੈਂਦਾ ਸੀ। ਇਸ ਨੂੰ ਪਾਪਣ, ਨਸ਼ੀਲੀ ਸ਼ਰਾਬ, ਮਾਰੂ ਜ਼ਹਿਰ ਤੇ ਬਘਿਆੜਨ ਆਦਿ ਹੋਰ ਕਈ ਨਫ਼ਰਤ ਭਰੇ ਸ਼ਬਦਾਂ ਨਾਲ ਜਾਣਿਆ ਜਾਂਦਾ ਸੀ। ਇਥੋਂ ਤਕ ਕਿ ਇਸਤਰੀ ਨੂੰ ਕੋਈ ਨਾਮ ਜਪਣ ਜਾਂ ਭਜਨ-ਬੰਦਗੀ ਦੀ ਆਗਿਆ ਨਹੀਂ ਸੀ ਅਤੇ ਨਾ ਹੀ ਕਿਸੇ ਮੰਦਰ ਜਾਂ ਮਸਜਿਦ ਵਿਚ ਜਾਣ ਦਾ ਹੁਕਮ ਸੀ।

ਪਰ ਸਭ ਤੋਂ ਪਹਿਲਾਂ ਸਿਰਫ਼ ਤੇ ਸਿਰਫ਼ ਸਿੱਖ ਧਰਮ ਵਿਚ ਹੀ ਇਸਤਰੀ ਨੂੰ ਸੁਤੰਤਰਤਾ ਅਤੇ ਬਰਾਬਰੀ ਦੇ ਅਧਿਕਾਰ ਦਿੱਤੇ ਗਏ। ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁਰਾਤਨ ਨੀਚ ਸੋਚ ਤੋਂ ਉੱਚਾ ਉੱਠ ਕੇ ਗੱਲ ਕੀਤੀ ਅਤੇ ਇਸਤਰੀ ਦਾ ਰੁਤਬਾ ਬਹੁਤ ਉੱਚਾ ਕੀਤਾ। ਇਸ ਨੂੰ ਭਰਪੂਰ ਸਤਿਕਾਰ ਦਿੱਤਾ ਅਤੇ ਕਿਹਾ ਕਿ ਜਿਸ ਇਸਤਰੀ ਨੂੰ ਤੁਸੀਂ ਨੀਚ ਸਮਝਦੇ ਹੋ, ਉਸ ਨਾਲ ਹੀ ਤੁਸੀਂ ਮੰਗਣਾ ਅਤੇ ਵਿਆਹ ਕਰਵਾਉਂਦੇ ਹੋ ਅਤੇ ਉਸ ਦੇ ਨਾਲ ਹੀ ਦੋਸਤੀ ਅਤੇ ਮਿੱਤਰਤਾ ਕਰਦੇ ਹੋ ਜੇਕਰ ਘਰ ਦੀ ਇਸਤਰੀ ਮਰ ਜਾਵੇ ਤਾਂ ਨਿਰਬਾਹ ਲਈ ਹੋਰ ਵਿਆਹ ਕਰਵਾਉਂਦੇ ਹੋ। ਫਿਰ ਉਸ ਨੂੰ ਮੰਦਾ ਕਿਸ ਆਧਾਰ 'ਤੇ ਆਖਦੇ ਹੋ?

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

(ਪੰਨਾ ੪੭੩)
ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਸੁਪਤਨੀ ਮਾਤਾ ਖੀਵੀ ਜੀ ਨੂੰ ਲੰਗਰ ਤਿਆਰ ਕਰਨ/ਕਰਵਾਉਣ ਦੇ ਸਭ ਅਧਿਕਾਰ ਦਿੱਤੇ। ਮਾਤਾ ਜੀ ਆਪ ਲੰਗਰ ਤਿਆਰ ਕਰਦੇ ਅਤੇ ਆਪਣੇ ਹੱਥੀਂ ਸੰਗਤਾਂ ਨੂੰ ਛਕਾਉਂਦੇ।

ਸ੍ਰੀ ਗੁਰੂ ਅਮਰਦਾਸ ਜੀ ਨੇ ਕੁੜੀਮਾਰ ਤੇ ਸਤੀ-ਪ੍ਰਥਾ ਦਾ ਵਿਰੋਧ ਕੀਤਾ। ਉਨ੍ਹਾਂ ਨੇ ਵੀ ਇਸ ਮਹਾਂਪਾਪ ਨੂੰ ਰੋਕਿਆ। ਜ਼ਿੰਮੇਵਾਰ ਧਿਰਾਂ ਨੂੰ ਬਹੁਤ ਫਿਟਕਾਰਾਂ ਪਾਈਆਂ :

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥

(ਪੰਨਾ ੧੪੧੩)
ਬ੍ਰਾਹਮਣ ਹੱਤਿਆ, ਗਊ ਹੱਤਿਆ, ਕੰਨਿਆ ਹੱਤਿਆ, ਪਰਾਇਆ ਧਨ, ਇਹ ਚਾਰੇ ਵੱਡੇ ਪਾਪਾਂ ਵਿੱਚੋਂ ਸਭ ਤੋਂ ਵੱਡਾ ਪਾਪ ਹੈ; ਕੰਨਿਆ ਹੱਤਿਆ (ਭਰੂਣ ਹੱਤਿਆ)।

ਇਸ ਤਰ੍ਹਾਂ ਜੇ ਵੇਖਿਆ ਜਾਵੇ ਤਾਂ ਤਕਰੀਬਨ ਸਾਰੇ ਗੁਰੂ ਸਾਹਿਬਾਨ ਨੇ ਆਪਣੇ -ਆਪਣੇ ਯੁੱਗ ਅੰਦਰ ਇਸਤਰੀ ਉੱਪਰ ਹੁੰਦੇ ਅੱਤਿਆਚਾਰ ਵਿਰੁੱਧ ਆਵਾਜ਼ ਉਠਾਈ।

ਕੌਰ, ਬੀਬੀ ਬਘੇਲ ਕੌਰ, ਬੀਬੀ ਸ਼ਰਨ ਕੌਰ, ਰਾਣੀ ਅਨੂਪ ਕੌਰ ਅਤੇ ਹੋਰ ਵੀ ਕਈ ਹਨ।

**Sikh temple of North Texas**
31 Years of community service

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਤਾਂ ਜਿਸ ਇਸਤਰੀ ਨੂੰ ਧਰਮ ਦਾ ਕੰਮ ਕਰਨ ਤੋਂ ਦੂਰ ਰੱਖਿਆ ਜਾਂਦਾ ਸੀ, ਆਪਣੇ ਮਹਿਲ ਮਾਤਾ ਸਾਹਿਬ ਦੇਵਾਂ ਜੀ ਕੋਲੋਂ (ਜੋ ਅੰਮ੍ਰਿਤ ਤਿਆਰ ਕਰ ਕੇ, ਪੰਜਾਂ ਪਿਆਰਿਆਂ ਨੂੰ ਛਕਾਇਆ ਤੇ ਫਿਰ ਆਪ ਛਕਿਆ) ਅੰਮ੍ਰਿਤ ਵਿਚ ਪਤਾਸੇ ਪਵਾਏ। ਇਉਂ ਬਰਾਬਰ ਦੀ ਮਹਾਨਤਾ ਦਿੱਤੀ। ਅੰਮ੍ਰਿਤ ਛਕਣ ਦੀ ਆਗਿਆ ਦਿੱਤੀ, ਜੰਗ ਲੜਨ ਦੀ ਆਗਿਆ ਦਿੱਤੀ। ਇਥੋਂ ਤਕ ਕਿ ਕਈ ਐਸੀਆਂ ਮਹਾਨ ਇਸਤਰੀਆਂ ਦਾ ਨਾਮ ਇਤਿਹਾਸ ਵਿਚ ਵੀ ਆਉਂਦਾ ਹੈ, ਜਿਨ੍ਹਾਂ ਨੇ ਅੰਮ੍ਰਿਤ ਛਕ ਕੇ ਜੰਗਾਂ ਵਿਚ ਹਿੱਸਾ ਲਿਆ ਜਿਨ੍ਹਾਂ ਵਿਚ ਮਾਤਾ ਭਾਗ

ਸਿੱਖ ਧਰਮ ਵਿਚ ਇਸਤਰੀ ਦਾ ਪੂਰਾ ਸਤਿਕਾਰ ਕੀਤਾ ਜਾਂਦਾ ਹੈ। ਸਿੱਖ ਜਿਸ ਨੇ ਅੰਮ੍ਰਿਤ ਛਕਿਆ ਹੈ, ਉਹ ਹਮੇਸ਼ਾਂ ਇਸਤਰੀ ਨੂੰ ਬਰਾਬਰੀ ਦਿੰਦਾ ਹੈ ਅਤੇ ਸਤਿਕਾਰ ਨਾਲ ਬਰਾਬਰ ਦੀ ਇਸਤਰੀ ਨੂੰ ਭੈਣ, ਵੱਡੀ ਨੂੰ ਮਾਤਾ ਅਤੇ ਛੋਟੀ ਨੂੰ ਪੁੱਤਰੀ ਕਹਿ ਕੇ ਸੱਦਦਾ ਹੈ। ਸਿੱਖ ਧਰਮ ਵੱਲੋਂ ਪ੍ਰਮਾਣਿਤ ਰਹਿਤ ਮਰਯਾਦਾ ਵਿਚ ਦੱਸਿਆ ਗਿਆ ਹੈ ਕਿ ਸਿੱਖ ਕੁੜੀ ਨਾ ਮਾਰੇ ਅਤੇ ਕੁੜੀਮਾਰ ਨਾਲ ਵਰਤਾਉ ਨਾ ਰੱਖੇ।

ਸੋ ਇਹ ਹਦਾਇਤ ਸਾਰਿਆਂ ਲਈ ਹੈ ਕਿ ਉਹ ਕੁੜੀਮਾਰ ਦੇ ਨਾਲ ਬੋਲਣਾ ਤਾਂ ਦੂਰ ਦੀ ਗੱਲ ਹੈ ਉਸ ਨੂੰ ਵੇਖ ਆਪਣਾ ਰਸਤਾ ਬਦਲੇ। ਇਸ ਤੋਂ ਵੀ ਵੱਧ ਜੇ ਹੋ ਸਕੇ ਤਾਂ ਲਾਹਨਤਾਂ ਜ਼ਰੂਰ ਪਾਓ ਤਾਂ ਕਿ ਅੱਗੇ ਤੋਂ ਸਮਝ ਸਕੇ।

ਸੋ ਅੱਜ ਲੋੜ ਹੈ, ਸਾਨੂੰ ਇਸ ਹੋ ਰਹੇ ਅੱਤਿਆਚਾਰ ਤੋਂ ਬਚਣ ਦੀ! ਸਾਨੂੰ ਚਾਹੀਦਾ ਹੈ ਕਿ ਅਸੀਂ ਜੋ ਧੀਆਂ ਨਾਲ ਇਹ ਵਿਤਕਰਾ ਕਰਦੇ ਹਾਂ, ਉਸ ਨੂੰ ਦੂਰ ਕਰੀਏ, ਉਨ੍ਹਾਂ ਨੂੰ ਸੁਤੰਤਰਤਾ ਅਤੇ ਬਰਾਬਰ ਇਸ ਦੁਨੀਆਂ ਉੱਪਰ ਜੀਊਣ ਦਾ ਹੱਕ ਦੇਈਏ। ਜੋ ਅਸੀਂ ਉਨ੍ਹਾਂ ਤੋਂ ਜਬਰਦਸਤੀ ਖੋਹ ਰਹੇ ਹਾਂ। ਅਸੀਂ ਜੋ ਬਿਨਾਂ ਸੋਚੇ-ਸਮਝੇ ਹੀ ਲੜਕੀਆਂ ਨੂੰ ਜਨਮ ਤੋਂ ਪਹਿਲਾਂ ਹੀ ਕਤਲ ਕਰਵਾਈ ਜਾਂਦੇ ਹਾਂ, ਉਨ੍ਹਾਂ ਨੂੰ ਜਨਮ ਲੈਣ ਦੇਈਏ। ਜਨਮ ਤੋਂ ਬਾਅਦ ਲੜਕਿਆਂ ਦੇ ਬਰਾਬਰ ਦਾ ਪਿਆਰ, ਪੜ੍ਹਾਈ ਅਤੇ ਹਰ ਪੱਖ ਤੋਂ ਸੁਤੰਤਰਤਾ ਦੇਈਏ। ਦਾਜ ਦੀ ਚੱਲ ਰਹੀ ਭਿਆਨਕ ਬਿਮਾਰੀ ਨੂੰ ਖ਼ਤਮ ਕਰਦੇ ਹੋਏ ਆਪਣੀਆਂ ਧੀਆਂ ਉਸ ਥਾਂ ਵਿਆਹੀਏ ਜਿਥੇ ਦਾਜ ਦੀ ਮੰਗ ਨਾ ਕੀਤੀ ਜਾਂਦੀ ਹੋਵੇ। ਕਿੰਨਾ ਕੁ ਚਿਰ ਲੜਕੇ ਦਾਜ ਮੰਗਦੇ ਰਹਿਣਗੇ? ਜਦ ਸਾਰੇ ਸੰਸਾਰ ਦੀਆਂ ਲੜਕੀਆਂ ਨੇ ਕਹਿ ਦਿੱਤਾ ਕਿ ਅਸੀਂ ਦਾਜ ਮੰਗਣ ਵਾਲੇ ਲੜਕੇ ਨਾਲ ਵਿਆਹ ਨਹੀਂ ਕਰਾਉਣਾ ਤਾਂ ਫਿਰ ਉਹ ਕਿਸ ਨਾਲ ਵਿਆਹ ਕਰਵਾਉਣਗੇ?

ਜੇਕਰ ਅਸੀਂ ਆਪਣੀ ਧੀ ਨੂੰ ਦਾਜ ਦੇਣਾ ਹੀ ਚਾਹੁੰਦੇ ਹਾਂ ਤਾਂ ਉਹ ਦੁਨਿਆਵੀ ਦਾਜ ਨਹੀਂ ਕਿ ਸਕੂਟਰ, ਕਾਰ ਜਾਂ ਹੋਰ ਸਮਾਨ ਆਦਿ ਦੇਈਏ; ਜੇ ਦਾਜ ਦੇਣਾ ਹੈ ਤਾਂ ਉਹ ਦਾਜ ਦੇਵੋ ਜੋ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸ਼ਹਿਜ਼ਾਦੇ ਸ਼ੇਰ ਸਿੰਘ ਦੀ ਸੁਪਤਨੀ ਬੀਬੀ ਖੜਗ ਕੌਰ ਨੂੰ ਉਸ ਦੇ ਮਾਤਾ-ਪਿਤਾ ਵੱਲੋਂ ਬਚਪਨ ਤੋਂ ਗੁਰਸਿੱਖੀ ਦੀ ਰਹਿਣੀ-ਬਹਿਣੀ ਦੀ ਸਿੱਖਿਆ ਦਾ ਦਾਜ ਦਿੱਤਾ ਗਿਆ ਸੀ। ਬਚਪਨ ਵਿਚ ਹੀ ਬੀਬੀ ਖੜਗ ਕੌਰ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਥਿਆ ਦਿੱਤੀ ਗਈ। ਇਸ ਤੋਂ ਇਲਾਵਾ 'ਦਸਮ ਗ੍ਰੰਥ', 'ਗੁਰਪ੍ਰਤਾਪ ਸੂਰਜ ਗ੍ਰੰਥ', 'ਭਾਈ ਗੁਰਦਾਸ ਜੀ ਦੀ ਰਚਨਾ' ਅਤੇ 'ਭਾਈ ਨੰਦ ਲਾਲ ਜੀ ਦੀ ਰਚਨਾ' ਦਾ ਵੀ ਚੋਖਾ ਗਿਆਨ ਕਰਵਾਇਆ ਗਿਆ। ਇਕ ਨਿਹੰਗ ਸਿੰਘ ਭਾਈ ਗੁਰਮੁਖ ਸਿੰਘ ਨੇ ਉਸ ਨੂੰ ਸ਼ਸਤਰ ਵਿੱਦਿਆ ਅਤੇ ਚੰਗੀ ਘੋੜ-ਸਵਾਰੀ ਦੀ ਸਿੱਖਿਆ ਦਿੱਤੀ। ਇਸ ਤੋਂ ਇਲਾਵਾ ਉਹ ਹਰ ਰੋਜ਼ ਆਪਣਾ ਨਿੱਤਨੇਮ ਜ਼ਰੂਰ ਕਰਦੀ ਸੀ।

ਇਸ ਪ੍ਰਕਾਰ ਗੁਰਬਾਣੀ ਅਨੁਸਾਰ ਸਾਨੂੰ ਆਪਣੀਆਂ ਧੀਆਂ ਨੂੰ ਬਚਪਨ ਤੋਂ ਹੀ ਗੁਰਮਤਿ ਦੀ ਪੜ੍ਹਾਈ ਅਤੇ ਗੁਰਸਿੱਖੀ ਜੀਵਨ ਦੀ ਸਿੱਖਿਆ ਦਾ ਦਾਜ ਦੇਣਾ ਚਾਹੀਦਾ ਹੈ, ਜਿਸ ਦਾਜ ਨਾਲ ਸਿਰਫ਼ ਇਕੱਲੇ ਸਹੁਰੇ ਘਰ ਵਿਚ ਹੀ ਸ਼ੋਭਾ ਪ੍ਰਾਪਤ ਨਹੀਂ ਹੋਵੇਗੀ, ਸਗੋਂ ਸ੍ਰੀ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਖੰਡਾਂ-ਬ੍ਰਹਿਮੰਡਾਂ ਅੰਦਰ ਵੀ ਸ਼ੋਭਾ ਹੋਵੇਗੀ :

ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥
ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ॥
ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥ (ਪੰਨਾ ੭੯)

***Source**: http://www.sgpc.net/gurmat_parkash/gurmatparkash.asp?id=908*